## ਵਿਗਿਆਨ

## ਸ਼੍ਰੇਣੀ ਅੱਠਵੀਂ

**ਸਮਾਂ**: 3 **ਘੰਟੇ** **ਲਿਖਤੀ** :70 ਅੰਕ

### ਪ੍ਰਸ਼ਨ ਪੱਤਰ ਦੀ ਬਣਤਰ

1. **ਪ੍ਰਸ਼ਨ ਪੱਤਰ ਵਿੱਚ ਕੁੱਲ** 21 **ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।** ਅੰਕ **ਵੰਡ ਹੇਠ ਅਨੁਸਾਰ ਹੈ।**
2. **ਪ੍ਰਸ਼ਨ ਨੰ**:1 **ਕੁੱਲ** 14 ਅੰਕਾਂ **ਦਾ ਹੋਵੇਗਾ। ਇਸ ਪ੍ਰਸ਼ਨ ਦੇ** 14 **ਭਾਗ ਹੋਣਗੇ** ਅਤੇ **ਹਰ ਭਾਗ** 1 ਅੰਕ **ਦਾ ਹੋਵੇਗਾ** (**ਭਾਵ** Multiple Choice **ਹੋਣਗੇ**) **।**
3. **ਪ੍ਰਸ਼ਨ ਨੰ**: 2 **ਤੋਂ** 11 **ਤੱਕ ਦੋ-ਦੋ** ਅੰਕਾਂ **ਵਾਲੇ ਹੋਣਗੇ।**
4. **ਪ੍ਰਸ਼ਨ ਨੰ**: 12 **ਤੋਂ** 18 **ਤੱਕ ਤਿੰਨ-ਤਿੰਨ** ਅੰਕਾਂ **ਵਾਲੇ ਹੋਣਗੇ।**
5. **ਪ੍ਰਸ਼ਨ ਨੰ**: 19 **ਤੋਂ** 21 **ਤੱਕ ਪੰਜ- ਪੰਜ** ਅੰਕਾਂ **ਵਾਲੇ ਹੋਣਗੇ। ਇਹਨਾਂ ਪ੍ਰਸ਼ਨਾਂ ਵਿੱਚ** ਅੰਦਰੂਨੀ **ਛੋਟ ਹੋਵੇਗੀ।** ਅੰਦਰੂਨੀ **ਛੋਟ ਵਾਲਾ ਪ੍ਰਸ਼ਨ ਉਸੇ ਇਕਾਈ ਵਿੱਚੋਂ ਹੀ ਹੋਵੇਗਾ।**

   **ਨੋਟ: ਪ੍ਰਸ਼ਨ ਪੱਤਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਿਤ ਪਾਠ-ਪੁਸਤਕ ਦੇ** ਅਭਿਆਸਾਂ/ਵਿਸ਼ਾ **ਵਸਤੂ ਤੇ ਹੀ ਨਿਰਧਾਰਿਤ ਹੋਵੇਗਾ।**

| ਵਿਗਿਆਨ ਵਿਸ਼ੇ ਦਾ ਬਲਓ ਪ੍ਰਿੰਟ | | | | | |
|---|---|---|---|---|---|
| ਪਾਠ ਨੰ. | 1 ਅੰਕ ਵਾਲੇ ਪ੍ਰਸ਼ਨ | 2 ਅੰਕ ਵਾਲੇ ਪ੍ਰਸ਼ਨ | 3 ਅੰਕ ਵਾਲੇ ਪ੍ਰਸ਼ਨ | 5 ਅੰਕ ਵਾਲੇ ਪ੍ਰਸ਼ਨ | ਕੁੱਲ ਅੰਕ |
| 1 | 1 | 1 | -- | -- | 3 |
| 2 | 1 | -- | 1 | -- | 4 |
| 3 | 1 | 1 | -- | -- | 3 |
| 4 | 1 | -- | -- | 1 | 6 |
| 5 | 1 | -- | 1 | -- | 4 |
| 6 | 1 | 1 | -- | -- | 3 |
| 7 | 1 | 1 | -- | -- | 3 |
| 8 | 1 | 1 | -- | -- | 3 |
| 9 | 1 | -- | -- | 1 | 6 |
| 10 | -- | 1 | 1 | -- | 5 |
| 11 | 1 | -- | 1 | -- | 4 |
| 12 | 1 | 1 | -- | -- | 3 |
| 13 | -- | 1 | 1 | -- | 5 |
| 14 | 1 | -- | -- | 1 | 6 |
| 15 | -- | 1 | -- | -- | 2 |
| 16 | -- | -- | 1 | -- | 3 |
| 17 | 1 | -- | 1 | -- | 4 |
| 18 | 1 | 1 | -- | -- | 3 |
| | **14** | **20** | **21** | **15** | **70** |

ClassResult.in

ਪ੍ਰਸ਼ਨ ਪੱਤਰ ਕੁੱਲ ਅੰਕ–70

ਕਲਾਸ–ਅੱਠਵੀਂ ਸਮਾਂ– 3 ਘੰਟੇ

ਸਾਰੇ ਪ੍ਰਸ਼ਨ ਜ਼ਰੂਰੀ ਹਨ।

## ਭਾਗ(ੳ)–14 ਅੰਕ

**ਪ੍ਰਸ਼ਨ 1. ਸਹੀ ਵਿਕਲਪ ਚੁਣੋਂ।**

**(i) ਮੋਹਨ ਆਪਣੇ ਖੇਤ ਵਿੱਚ ਮੁੱਖ ਫ਼ਸਲ ਵਿੱਚੋਂ ਬੇਲੋੜੇ ਪੌਦਿਆਂ ਨੂੰ ਨਸ਼ਟ ਕਰਨ ਲਈ ਕਿਸੇ ਰਸਾਇਣਿਕ ਘੋਲ ਦਾ ਛਿੜਕਾਅ ਕਰ ਰਿਹਾ ਹੈ। ਇਸ ਰਸਾਇਣਿਕ ਘੋਲ ਨੂੰ ਕੀ ਕਿਹਾ ਜਾਂਦਾ ਹੈ?**

(ੳ) ਰੂੜੀ ਖਾਦ (ਅ) ਨਦੀਨ ਨਾਸ਼ਕ (ੲ) ਉੱਲੀ (ਸ) ਉਪਰੋਕਤ ਵਿੱਚੋਂ ਕੋਈ ਨਹੀਂ

**(ii) ਨਰੇਸ਼ ਦੇ ਮਾਤਾ ਜੀ ਜੰਤੂਆਂ ਦੇ ਵਿਅਰਥ ਪਦਾਰਥਾਂ ਨੂੰ ਖੁੱਲੀ ਥਾਂ ਉੱਤੇ ਇੱਕਠਾ ਕਰ ਦਿੰਦੇ ਹਨ। ਉਹਨਾਂ ਅਨੁਸਾਰ ਕੁਝ ਦਿਨਾਂ ਬਾਅਦ ਸੂਖਮਜੀਵਾਂ ਦੁਆਰਾ ਅਪਘਟਨ ਕਿਰਿਆ ਨਾਲ ਜੰਤੂਆਂ ਦਾ ਵਿਅਰਥ ਪਦਾਰਥ ਇੱਕ ਖਾਦ ਵਿੱਚ ਬਦਲ ਜਾਵੇਗਾ। ਇਸ ਖਾਦ ਨੂੰ ਕੀ ਕਹਿੰਦੇ ਹਨ?**


(ੳ) ਰੂੜੀ ਖਾਦ (ਅ) ਰਸਾਇਣਿਕ ਖਾਦ (ੲ) ਵਰਮੀ ਕੰਪੋਸਟ (ਸ) ਉਪਰੋਕਤ ਵਿੱਚੋਂ ਕੋਈ ਨਹੀਂ

**(iii) ਜੰਗਲ ਵਿੱਚ ਵਿਦਿਆਰਥੀਆਂ ਨੇ ਇੱਕ ਵਿਸ਼ਾਲ ਗਲਹਿਰੀ ਵੇਖੀ ਜੋ ਕਿ ਇਸ ਖਾਸ ਖੇਤਰ ਵਿੱਚ ਹੀ ਪਾਈ ਜਾਂਦੀ ਹੈ। ਰਜਿੰਦਰ ਨੇ ਗਾਈਡ ਨੂੰ ਇਸ ਬਾਰੇ ਪੁੱਛਿਆ। ਗਾਈਡ ਨੇ ਦੱਸਿਆ ਕਿ ਇਹ ਸਿਰਫ ਇਸੇ ਖਾਸ ਖੇਤਰ ਵਿੱਚ ਹੀ ਪਾਈ ਜਾਂਦੀ ਹੈ। ਇਸ ਪ੍ਰਜਾਤੀ ਨੂੰ ਕੀ ਕਹਿੰਦੇ ਹਨ?**

(ੳ) ਆਮ ਪ੍ਰਜਾਤੀ (ਅ) ਖ਼ਾਸ ਸਥਾਨਕ ਪ੍ਰਜਾਤੀ (ੲ) ਸੰਕਟਕਾਲੀਨ ਪ੍ਰਜਾਤੀ (ਸ) ਵਿਸ਼ੇਸ਼ ਪ੍ਰਜਾਤੀ

ClassResult.in

**(iv) ਅੱਜ ਜਮਾਤ ਵਿੱਚ ਅਧਿਆਪਕ ਨੇ ਵਿਦਿਆਰਥੀਆਂ ਨੂੰ ਸੂਖਮਦਰਸ਼ੀ ਰਾਹੀਂ ਹੇਠਾਂ ਦਰਸਾਈ ਗਈ ਸਲਾਈਡ ਦਿਖਾਈ, ਇਹ ਸਲਾਈਡ ਕਿਸ ਸੂਖਮਜੀਵ ਦੀ ਹੈ?**




(ੳ) ਅਮੀਬਾ (ਅ) ਪੈਰਾਮੀਸ਼ੀਅਮ (ੲ) ਨਿਊਰਾਨ (ਸ) ਹਾਈਡ੍ਰਾ

**(v) ਅੱਜ ਕਲਾਸ ਵਿੱਚ ਪੜ੍ਹਾਈ ਦੌਰਾਨ ਨਿਸ਼ਾ ਨੂੰ ਪਤਾ ਲਗਾ ਕਿ ਇੱਕ ਅਜਿਹਾ ਪਲਾਸਟਿਕ ਹੈ ਜੋ ਗਰਮ ਕਰਨ ਤੇ ਆਪਣਾ ਰੂਪ ਬਦਲ ਲੈਂਦਾ ਹੈ।ਉਸ ਪਦਾਰਥ ਨੂੰ ਕੀ ਕਹਿੰਦੇ ਹਨ**

(ੳ) ਪਲਾਸਟਿਕ (ਅ) ਥਰਮੋਪਲਾਸਟਿਕ (ੲ) ਐਕ੍ਰਿਲਕ (ਸ) ਉਪਰੋਕਤ ਸਾਰੇ

**(vi) ਸਰਕਟ ਵਿੱਚ ਬਿਜਲੀ ਦਾ ਪ੍ਰਵਾਹ ਹੁੰਦਾ ਰਹੇ, ਇਸ ਲਈ ਹੇਠਾਂ ਦਿੱਤੇ ਸਰਕਟ ਵਿੱਚ ਜੋੜੀ ਗਈ ਲੋਹੇ ਦੀ ਕਿੱਲ ਦੀ ਥਾਂ ਤੇ ਕੀ ਵਰਤਿਆ ਜਾ ਸਕਦਾ ਹੈ?**



(ੳ) ਗਰੇਫਾਈਟ (ਅ) ਪਲਾਸਟਿਕ (ੲ) ਲੱਕੜੀ (ਸ) ਰਬੜ

**(vii) ਘਰ ਵਿੱਚ ਜਦੋਂ ਗੁਰਮੀਤ ਦੀ ਮੰਮੀ ਗੈਸ ਚੁਲ੍ਹੇ ਉੱਪਰ ਰੋਟੀ ਪਕਾਉਂਦੀ ਹੈ ਤਾਂ ਉਹ ਸਿਲੰਡਰ ਦੀ ਵਰਤੋਂ ਕਰਦੀ ਹੈ। ਸਿਲੰਡਰ ਵਿਚਲੀ ਗੈਸ ਦਾ ਕੀ ਨਾਂ ਹੈ?**

(ੳ) ਹਵਾ (ਅ) ਆਕਸੀਜਨ (ੲ) ਐਲ.ਪੀ.ਜੀ (ਸ) ਸੀ.ਐਨ.ਜੀ

**(viii) ਮੋਨਿਕਾ ਨੇ ਅਖਬਾਰ ਵਿੱਚ ਪੜ੍ਹਿਆ ਕਿ ਬੰਦ ਕਮਰੇ ਵਿੱਚ ਕੋਲੇ ਜਲਾਉਣ ਨਾਲ ਇੱਕ ਵਿਅਕਤੀ ਬੇਹੋਸ਼ ਹੋ ਗਿਆ। ਅਧਿਆਪਕ ਤੋਂ ਇਸ ਦਾ ਕਾਰਨ ਪੁੱਛਣ ਤੇ ਅਧਿਆਪਕ ਨੇ ਦੱਸਿਆ ਕਿ ਕੋਲੇ ਦੇ ਜਲਣ ਤੇ ਇੱਕ ਖਤਰਨਾਕ ਗੈਸ ਪੈਦਾ ਹੁੰਦੀ ਹੈ ਜਿਸ ਨਾਲ ਵਿਅਕਤੀ ਦੀ ਮੌਤ ਵੀ ਹੋ ਸਕਦੀ ਹੈ ।ਉਸ ਗੈਸ ਦਾ ਨਾਂ ਦੱਸੋ?**

(ੳ) ਆਕਸੀਜਨ (ਅ) ਨਾਈਟਰੋਜਨ (ੲ) ਕਾਰਬਨ ਮੋਨੋਆਕਸਾਈਡ (ਸ) ਹਾਈਡਰੋਜ਼ਨ

**(ix) ਰਮਨ ਇਹ ਵੇਖ ਕੇ ਹੈਰਾਨ ਸੀ ਕਿ ਊਠ, ਰੇਤ ਵਿੱਚ ਅਸਾਨੀ ਨਾਲ ਚੱਲ ਸਕਦਾ ਹੈ ਜਦ ਕਿ ਉਹ ਆਪ ਨੰਗੇ ਪੈਰੀਂ ਰੇਤ ਵਿੱਚ ਮੁਸ਼ਕਲ ਨਾਲ ਚਲ ਪਾਉਂਦਾ ਹੈ। ਇਸਦਾ ਕੀ ਕਾਰਨ ਹੈ?**

(ੳ) ਊਠ ਦੇ ਪੈਰ ਦੀ ਸਤ੍ਹਾ ਦਾ ਖੇਤਰਫਲ ਜ਼ਿਆਦਾ ਹੁੰਦਾ ਹੈ।(ਅ) ਰਮਨ ਦੇ ਪੈਰ ਦੀ ਸਤ੍ਹਾ ਦਾ ਖੇਤਰਫਲ ਜ਼ਿਆਦਾ ਹੈ।

(ੲ) ਉਪਰੋਕਤ ਦੋਵੇਂ। (ਸ) ਉਪਰੋਕਤ ਵਿੱਚੋਂ ਕੋਈ ਨਹੀਂ।

**(x) ਪਰਵਿੰਦਰ ਨੇ ਇੱਕ ਸਾਫ਼ ਹਨੇਰੀ ਰਾਤ ਵਿੱਚ ਹੇਠਾਂ ਵਿਖਾਇਆ ਤਾਰਾਮੰਡਲ ਅਕਾਸ਼ ਵਿੱਚ ਵੇਖਿਆ। ਇਹ ਕਿਹੜਾ ਤਾਰਾਮੰਡਲ ਹੈ?**



ClassResult.in

(ੳ) ਸਪਤਰਿਸ਼ੀ (ਅ) ਉਰਾਯਾਨ (ਅ) ਕੈਸਿਯੋਪਿਯਾ (ਸ) ਉਪਰੋਕਤ ਵਿੱਚੋਂ ਕੋਈ ਨਹੀਂ

**(xi) ਪੰਕਜ ਨੂੰ ਪਤਾ ਹੈ ਕਿ ਸ਼ੁੱਧ ਪਾਣੀ ਬਿਜਲੀ ਦਾ ਕੁਚਾਲਕ ਹੈ। ਜੇਕਰ ਤੁਸੀਂ ਪਾਣੀ ਵਿੱਚ ਨਮਕ ਘੋਲ ਦਿਓ ਤਾਂ ਕੀ ਹੋਵੇਗਾ?**

(ੳ) ਪਾਣੀ ਬਿਜਲੀ ਦਾ ਸੁਚਾਲਕ ਬਣ ਜਾਵੇਗਾ (ਅ) ਪਾਣੀ ਬਿਜਲੀ ਦਾ ਕੁਚਾਲਕ ਰਹੇਗਾ

(ੲ) ਪਾਣੀ ਨਾ ਸੁਚਾਲਕ ਹੋਵੇਗਾ ਨਾ ਕੁਚਾਲਕ (ਸ) ਉਪਰੋਕਤ ਵਿਚੋਂ ਕੋਈ ਨਹੀਂ

**(xii) ਅੰਕੁਸ਼ ਨੇ ਬਜ਼ਾਰ ਵਿੱਚ ਨੋਟ ਕੀਤਾ ਕਿ ਵਾਹਨਾਂ ਕਰਕੇ ਹਵਾ ਪ੍ਰਦੂਸ਼ਣ ਬਹੁਤ ਵਧ ਗਿਆ ਹੈ। ਵਾਹਨ ਵਧੇਰੇ ਮਾਤਰਾ ਵਿੱਚ ਕਿਹੜੀ ਗੈਸ ਛੱਡਦੇ ਹਨ ਜਿਸ ਕਾਰਣ ਹਵਾ ਪ੍ਰਦੂਸ਼ਿਤ ਹੁੰਦੀ ਹੈ?**

(ੳ) ਕਾਰਬਨ ਮੋਨੋਆਕਸਾਈਡ (ਅ) ਕਾਰਬਨ ਡਾਈਆਕਸਾਈਡ (ੲ) 'ੳ' ਅਤੇ 'ਅ' ਦੋਵੇਂ (ਸ) ਉਪਰੋਕਤ ਵਿੱਚੋਂ ਕੋਈ ਨਹੀਂ

**(xiii) ਇੱਕ ਅਮੀਬਾ ਦੀ ਵੰਡ ਨਾਲ ਦੋ ਅਮੀਬਾ ਪੈਦਾ ਹੁੰਦੇ ਹਨ। ਇਸ ਪ੍ਰਕਾਰ ਦੇ ਅਲਿੰਗੀ ਪ੍ਰਜਣਨ ਨੂੰ ਕੀ ਕੰਹਿਦੇ ਹਨ?**

(ੳ) ਬਡਿੰਗ (ਅ) ਦੋ ਖੰਡਨ (ੲ) ਯੁਗਮਜ (ਸ)ਕਾਇਕ ਪ੍ਰਜਣਨ

**(xiv) ਆਪਣੇ ਘਰ ਦੇ ਇੱਕ ਭਾਰੀ ਬਕਸੇ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੇ ਖਿਸਕਾਉਣ ਤੇ ਨਰੇਸ਼ ਨੇ ਨੋਟ ਕੀਤਾ ਕਿ ਰੁਕੇ ਹੋਏ ਬਕਸੇ ਨੂੰ ਵਿਰਾਮ ਅਵਸਥਾ ਤੋਂ ਗਤੀ ਵਿੱਚ ਲੈ ਕੇ ਆਉਣਾ ਮੁਸ਼ਕਲ ਸੀ ਜਦਕਿ ਬਕਸੇ ਨੂੰ ਉਸੇ ਚਾਲ ਨਾਲ ਗਤੀਸ਼ੀਲ ਰੱਖਣਾ ਅਸਾਨ ਸੀ। ਅਜਿਹਾ ਕਿਉਂ ਸੀ?**

(ਅ) ਸਰਕਣਸ਼ੀਲ ਰਗੜ ਸਥਿਤਿਕ ਰਗੜ ਤੋਂ ਘੱਟ ਹੁੰਦੀ ਹੈ (ਅ)ਸਥਿਤਿਕ ਰਗੜ ਸਰਕਣਸ਼ੀਲ ਰਗੜ ਤੋਂ ਘੱਟ ਹੁੰਦੀ ਹੈ

(ਸ) ਬਕਸੇ ਦਾ ਭਾਰ ਘੱਟ ਜਾਂਦਾ ਹੈ (ਸ) ਉਪਰੋਕਤ ਵਿਚੋਂ ਕੋਈ ਨਹੀਂ

**ਭਾਗ (ਅ)**

**ਕੁੱਲ ਅੰਕ-20 ਹਰੇਕ ਪ੍ਰਸ਼ਨ 2 ਅੰਕ ਦਾ ਹੈ**


**ਪ੍ਰਸ਼ਨ 2. ਰਸਾਇਣਿਕ ਖਾਦਾਂ ਅਤੇ ਰੂੜੀ ਖਾਦਾਂ ਵਿੱਚ ਦੋ ਅੰਤਰ ਲਿਖੋ?**

**ਪ੍ਰਸ਼ਨ 3. ਚਾਰ ਵਿਦਿਆਰਥੀਆਂ ਨੇ ਪਹਾੜ ਦੀ ਚੜ੍ਹਾਈ ਕਰਨ ਦਾ ਵਿਚਾਰ ਬਣਾਇਆ ਹੈ, ਉਹਨਾਂ ਨੇ ਹੇਠਾਂ ਵਿਖਾਏ ਟੇਬਲ ਅਨੁਸਾਰ ਰੱਸੀ ਦੀ ਚੋਣ ਕੀਤੀ ਹੈ।ਕਿਸ ਵਿਦਿਆਰਥੀ ਨੇ ਸਹੀ ਰੱਸੀ ਦੀ ਚੋਣ ਕੀਤੀ ਹੈ ਅਤੇ ਕਿਉਂ?**

| ਵਿਦਿਆਰਥੀ ਦਾ ਨਾਂ | ਰੱਸੀ |
|---|---|
| ਇੰਦਰਜੀਤ | ਸੂਤੀ |
| ਗੋਪਾਲ | ਰੇਸ਼ਮੀ |
| ਸਲੋਨੀ | ਨਾਇਲਾੱਨ |
| ਕਰਮਜੀਤ | ਉੱਨੀ |

**ਪ੍ਰਸ਼ਨ 4. ਹੇਠਾਂ ਵਿਖਾਈ ਕਿਰਿਆ ਵਿੱਚ ਕੱਚ ਦੀ ਚਿਮਨੀ ਬਲਦੀ ਮੋਮਬੱਤੀ 'ਤੇ ਰੱਖਣ 'ਤੇ ਲਾਟ ਕੰਬਦੀ ਕਿਉਂ ਹੈ?**

ClassResult.in



**ਪ੍ਰਸ਼ਨ 5. ਜੰਗਲਾਂ ਦੀ ਅੰਨ੍ਹੇਵਾਹ ਕਟਾਈ ਵਰਖਾ ਨੂੰ ਕਿਵੇਂ ਘਟਾਉਂਦੀ ਹੈ?**

**ਪ੍ਰਸ਼ਨ 6. ਪੌਦਾ ਸੈੱਲ ਅਤੇ ਜੰਤੂ ਸੈੱਲ ਵਿੱਚ ਦੋ ਅੰਤਰ ਲਿਖੋ।**

**ਪ੍ਰਸ਼ਨ 7.ਪ੍ਰੋੜ ਅਵਸਥਾ ਸਮੇਂ ਹੋਣ ਵਾਲੇ ਦੋ ਪਰਿਵਰਤਨਾਂ ਦੀ ਸੂਚੀ ਬਣਾਓ।।**

ਪ੍ਰਸ਼ਨ 8 ਹੇਠਾਂ ਵਿਖਾਈ ਗਈਆਂ ਦੋ ਸਥਿਤੀਆਂ ਵਿੱਚ ਕਿਸ ਸਥਿਤੀ ਵਿੱਚ ਵਸਤੂ ਨੂੰ ਧੱਕਣਾ ਅਸਾਨ ਹੋਵੇਗਾ ਅਤੇ ਕਿਉਂ?




ਪ੍ਰਸ਼ਨ 9. ਹੇਠਾਂ ਦਿੱਤੀ ਸਾਰਣੀ ਵਿੱਚ ਧੁਨੀ ਪੈਦਾ ਕਰਨ ਵਾਲੇ ਭਾਗ ਦਾ ਪਤਾ ਕਰਕੇ ਟੇਬਲ ਪੂਰਾ ਕਰੋ।

| ਲੜੀ ਨੰ | ਸੁਰ ਸਾਜ਼ | ਧੁਨੀ ਪੈਦਾ ਕਰਨ ਵਾਲਾ ਭਾਗ |
|---|---|---|
| 1 | ਵੀਣਾ | ____________ |
| 2 | ਤਬਲਾ | ____________ |

ਪ੍ਰਸ਼ਨ 10. ਅਕਾਸ਼ੀ ਬਿਜਲੀ ਤੋਂ ਆਪਣੀ ਸੁਰੱਖਿਆ ਦੇ ਦੋ ਉਪਾਅ ਸੁਝਾਓ।


ClassResult.in

ਪ੍ਰਸ਼ਨ 11. ਤੁਸੀਂ ਹਵਾ ਪ੍ਰਦੂਸ਼ਣ ਨੂੰ ਘੱਟ ਕਰਨ ਵਿੱਚ ਕਿਵੇਂ ਸਹਾਇਤਾ ਕਰ ਸਕਦੇ ਹੋ? ਦੋ ਤਰੀਕੇ ਸੁਝਾਓ।

## ਭਾਗ -(ੲ)

### ਕੁੱਲ ਅੰਕ-21 ਹਰੇਕ ਪ੍ਰਸ਼ਨ 3 ਅੰਕ ਦਾ ਹੈ


ਪ੍ਰਸ਼ਨ 12 ਅਜੀਤ ਨੇ ਅੱਧਾ ਕਿਲੋ ਮੈਦਾ ਲੈ ਕੇ ਉਸ ਵਿੱਚ ਚੀਨੀ ਅਤੇ ਥੋੜ੍ਹਾ ਜਿਹਾ ਖਮੀਰ ਪਾਊਡਰ ਮਿਲਾ ਕੇ ਕੋਸੇ ਪਾਣੀ ਨਾਲ ਗੁੰਨ ਦਿੱਤਾ।ਦੋ ਘੰਟੇ ਬਾਅਦ ਗੁੰਨੇ ਹੋਏ ਆਟੇ ਤੇ ਕੀ ਪ੍ਰਭਾਵ ਪਵੇਗਾ ?ਆਪਣੇ ਉੱਤਰ ਦਾ ਕਾਰਣ ਵੀ ਦੱਸੋ।



ਪ੍ਰਸ਼ਨ 13. ਸੀ.ਐਨ.ਜੀ ਅਤੇ ਐਲ.ਪੀ.ਜੀ ਦੀ ਬਾਲਣ ਦੇ ਰੂਪ ਵਿੱਚ ਵਰਤੋਂ ਕਰਨ ਦੇ ਕੀ ਲਾਭ ਹਨ?


ਪ੍ਰਸ਼ਨ 14. ਮਾਸਿਕ ਚੱਕਰ ਕੀ ਹੁੰਦਾ ਹੈ?

ਪ੍ਰਸ਼ਨ 15.ਚਿੱਤਰ ਵਿੱਚ ਵਿਖਾਈ ਕਿਰਿਆ ਵਿੱਚ ਇੱਕ ਪਾਈਪ ਦੇ ਇੱਕ ਪਾਸੇ ਰਬੜ ਦੀ ਸ਼ੀਟ ਬੰਨ ਕੇ ਪਾਣੀ ਪਾਇਆ ਗਿਆ ਹੈ। ਜੇਕਰ ਪਾਣੀ ਦੇ ਕਾਲਮ ਦੀ ਉਚਾਈ ਵਧਾ ਦਿੱਤੀ ਜਾਵੇ ਤਾਂ ਰਬੜ ਦੇ ਗੁਬਾਰੇ ਤੇ ਕੀ ਪ੍ਰਭਾਵ ਪਵੇਗਾ?ਕਾਰਨ ਵੀ ਦੱਸੋ।



ਪ੍ਰਸ਼ਨ 16. ਆਪਣੇ ਵਾਤਾਵਰਣ ਵਿਚੋਂ ਸ਼ੋਰ ਪ੍ਰਦੂਸ਼ਣ ਦੇ ਸਰੋਤਾਂ ਦੀ ਸੂਚੀ ਬਣਾਉ।ਵਰਣਨ ਕਰੋ ਸ਼ੋਰ ਪ੍ਰਦੂਸ਼ਣ ਮਨੁੱਖ ਲਈ ਕਿਵੇਂ ਹਾਨੀਕਾਰਕ ਹੈ?

ਪ੍ਰਸ਼ਨ 17. ਹੇਠਾਂ ਦਿੱਤੇ ਚਿੱਤਰ ਵਿੱਚ ਪ੍ਰਕਾਸ਼ ਦਾ ਪਰਾਵਰਤਨ ਵਿਖਾਇਆ ਗਿਆ ਹੈ:




(ੳ) ਕਿਰਨ **AO** ਦਾ ਨਾਂ ਦੱਸੋ।

(ਅ) ਕਿਰਨ **OB** ਦਾ ਨਾਂ ਦੱਸੋ।

(ੲ) ਕੋਣ **X** ਦਾ ਮਾਨ ਪਤਾ ਕਰੋ।

ਪ੍ਰਸ਼ਨ 18. ਵਿਆਖਿਆ ਕਰੋ ਕਿ ਸਪਤਰਿਸ਼ੀ ਦੀ ਸਹਾਇਤਾ ਨਾਲ ਧਰੁਵ ਤਾਰੇ ਦੀ ਸਥਿਤੀ ਤੁਸੀਂ ਕਿਵੇਂ ਪਤਾ ਕਰੋਗੇ?

ClassResult.in

ਭਾਗ– (ਸ)

ਕੁੱਲ ਅੰਕ– 15 ਇਸ ਭਾਗ ਵਿੱਚ 3 ਪ੍ਰਸ਼ਨ ਕਰਨੇ ਹਨ , ਹਰੇਕ ਭਾਗ ਵਿੱਚ ਅੰਦਰੂਨੀ ਛੋਟ ਹੈ।

ਪ੍ਰਸ਼ਨ 19. ਹੇਠਾਂ ਦਿੱਤੀ ਸਾਰਣੀ ਵਿੱਚ ਗੁਣਾਂ ਦੀ ਸੂਚੀ ਦਿੱਤੀ ਗਈ ਹੈ। ਇਨ੍ਹਾਂ ਗੁਣਾਂ ਦੇ ਅਧਾਰ ਤੇ ਧਾਤਾਂ ਅਤੇ ਅਧਾਤਾਂ ਵਿੱਚ ਅੰਤਰ ਕਰੋ–

| ਲੜੀ ਨੰ | ਗੁਣ | ਧਾਤ | ਅਧਾਤ |
|---|---|---|---|
| 1 | ਦਿੱਖ | | |
| 2 | ਕਠੋਰਤਾ | | |
| 3 | ਕੁਟੀਣਯੋਗਤਾ | | |
| 4 | ਤਾਪ ਦੀ ਚਾਲਕ | | |
| 5 | ਬਿਜਲਈ ਚਾਲਕ | | |

ਜਾਂ

ਕੀ ਹੁੰਦਾ ਹੈ ਜਦੋਂ

(ੳ) ਹਲਕਾ ਸਲਫਿਊਰਿਕ ਐਸਿਡ ਕਾੱਪਰ ਦੀ ਪਲੇਟ ਉੱਤੇ ਪਾਇਆ ਜਾਂਦਾ ਹੈ?

(ਅ) ਲੋਹੇ ਦੀ ਕਿੱਲ , ਕਾੱਪਰ ਸਲਫੇਟ ਦੇ ਘੋਲ ਵਿੱਚ ਰੱਖੀ ਜਾਂਦੀ ਹੈ?

ਸੰਬਧਿਤ ਪ੍ਰਤਿਕਿਰਿਆਵਾਂ ਲਈ ਸਮੀਕਕਰਣਾਂ ਲਿਖੋ।

ਪ੍ਰਸ਼ਨ 20. (ੳ) ਅਲਿੰਗੀ ਪ੍ਰਜਣਨ ਦੀ ਪਰਿਭਾਸ਼ਾ ਲਿਖੋ।ਜੰਤੂਆਂ ਵਿੱਚ ਅਲਿੰਗੀ ਪ੍ਰਜਣਨ ਦੀਆਂ ਦੋ ਵਿਧੀਆਂ ਦਾ ਵਰਣਨ ਕਰੋ।

(ਅ) ਅੰਦਰੂਨੀ ਨਿਸ਼ੇਚਨ ਅਤੇ ਬਾਹਰੀ ਨਿਸ਼ੇਚਨ ਵਿੱਚ ਅੰਤਰ ਦੱਸੋ।

ਜਾਂ

(ੳ)ਸੰਜੀਵਾਂ ਲਈ ਪ੍ਰਜਣਨ ਕਿਉਂ ਮਹੱਤਵਪੂਰਨ ਹੈ? ਸਮਝਾਓ।

(ਅ) ਕਾਇਆ ਪਰਿਵਰਤਨ ਕਿਸ ਨੂੰ ਆਖਦੇ ਹਨ? ਉਦਾਹਰਨ ਦਿਓ।


ਪ੍ਰਸ਼ਨ 21 (ੳ) ਕੀ ਸ਼ੁੱਧ ਪਾਣੀ ਬਿਜਲੀ ਦਾ ਸੁਚਾਲਕ ਹੈ। ਜੇ ਨਹੀਂ , ਤਾਂ ਇਸ ਨੂੰ ਚਾਲਕ ਬਣਾਉਣ ਲਈ ਅਸੀਂ ਕੀ ਕਰ ਸਕਦੇ ਹਾਂ?

(ਅ) ਆਪਣੇ ਆਲੇ-ਦੁਆਲੇ ਉਪਲਬੱਧ ਬਿਜਲੀ ਮੁਲੰਮਿਤ ਵਸਤੂਆਂ ਦੀ ਸੂਚੀ ਬਣਾਉ।

ਜਾਂ

(ੳ)ਅਜਿਹੇ ਦੋ ਦ੍ਰਵਾਂ ਦੇ ਨਾਂ ਲਿਖੋ ਜਿਨ੍ਹਾਂ ਦਾ ਪ੍ਰੇਖਣ ਚਿੱਤਰ ਵਿੱਚ ਦਰਸਾਏ ਅਨੁਸਾਰ ਕਰਨ ਤੇ ਚੁੰਬਕੀ ਸੂਈ ਵਿਖੇਪਿਤ ਹੋ ਸਕੇ।

ClassResult.in



(ਅ) ਕੀ ਤੇਜ਼ ਵਰਖਾ ਸਮੇਂ ਕਿਸੇ ਲਾਈਨਮੈਨ ਦੇ ਲਈ ਬਾਹਰਲੀ ਮੁੱਖ ਲਾਈਨ ਦੀਆਂ ਬਿਜਲੀ ਦੀਆਂ ਤਾਰਾਂ ਦੀ ਮੁਰੰਮਤ ਕਰਨਾ ਸੁਰੱਖਿਅਤ ਹੁੰਦਾ ਹੈ? ਵਿਆਖਿਆ ਕਰੋ।